ਕਰਤਾਰ ਸਿੰਘ ਸੈਣੀ

# ਸਿੱਖ ਕੌਮ ਢੈਂਹਦੀਆਂ ਕਲਾਂ ਵਲ

**ਸਿੱਖ** ਕੌਮ ਢੈਂਹਦੀਆਂ ਕਲਾਂ ਵਲ ਜਾਣ ਬਾਰੇ, ਆਪਣੇ ਵਿਚਾਰ ਪ੍ਰਗਟ ਕਰਨ ਤੋਂ ਪਹਿਲੋਂ ਪਾਠਕਾਂ ਦੀ ਸੂਝ ਬੂਝ ਲਈ, ਕੁਝ ਆਂਕੜੇ, ਪਾਠਕ ਜਨਾਂ ਦੇ ਧਿਆਨ ਗੋਚਰੇ ਲਿਆਉਣੇ ਅਤੀ ਆਵਸ਼ਕ ਹਨ, ਤਾਂ ਜੋ ਪਾਠਕ ਸੌਖੇ ਹੀ ਮੇਰੀਆਂ ਵਿਚਾਰਾਂ ਨਾਲ ਸਹਮਤ ਹੋ ਸਕਣ।

***ਕੁਰਾਨ ਸ਼ਰੀਫ*** ਵਿਦੇਸ਼ੀ ਭਾਸ਼ਾ ਅਰਬੀ ਵਿਚ ਹੋਣ ਤੇ ਵੀ 75% ਮੁਸਲਮਾਨ ਹਰ ਰੋਜ਼ ***ਕੁਰਾਨ ਸ਼ਰੀਫ*** ਪੜ੍ਹਦੇ ਹਨ। ***ਸ੍ਰੀ ਗੁਰੂ ਗ੍ਰੰਥ ਸਾਹਿਬ*** ਆਪਣੀ ਮਾਂ ਬੋਲੀ ਪੰਜਾਬੀ ਵਿਚ ਹੋਣ ਤੇ ਵੀ ਕੇਵਲ ਡੇਢ ਪ੍ਰਤੀਸ਼ਤ ਸਿੱਖ ਹਰ ਰੋਜ਼ ***ਸ੍ਰੀ ਗੁਰੂ ਗ੍ਰੰਥ ਸਾਹਿਬ*** ਦਾ ਪਾਠ ਕਰਦੇ ਹਨ। 80% ਮੁਸਲਮਾਨ, ਹਰ ਰੋਜ਼ ਪੰਜ ਵਕਤ ਦੀ ਨਮਾਜ਼ ਅਦਾ ਕਰਦੇ ਹਨ। ਸਿੱਖ 2% ਪੰਜਾਂ ਬਾਣੀਆਂ ਦਾ ***ਨਿਤਨੇਮ*** ਕਰਦੇ ਹਨ। ਮੁਸਲਮਾਨ 6% ਆਪਣੇ ਧਰਮ ਦੀ ਸ਼ਰਾ



ਅਤੇ ਪਾਬੰਦੀਆਂ ਨੂੰ ਤੋੜਦੇ ਹਨ ਅਤੇ ਸਿੱਖ 86%-95% ; ਮੁਸਲਮਾਨਾਂ ਨੂੰ ਇਸਲਾਮੀ ਕਲਮਾਂ ਕੰਠ ਹੈ। ਸਿੱਖ ਨੌਜਵਾਨ ਸ਼ਾਇਦ ਇਹ ਵੀ ਨਾਂ ਜਾਣਦੇ ਹੋਣ ਕਿ ***ਮੂਲ ਮੰਤਰ*** ਕੀ ਹੈ।

ਅਠਾਰਵੀਂ ਸਦੀ ਦੇ ਅੰਤ ਤੱਕ, ਸਿੱਖ ਕੌਮ, ਧਾਰਮਿਕ ਬੰਦਸ਼ਾਂ ਅਤੇ ਰਹੁਰੀਤੀਆਂ ਦੀ ਪੂਰਤੀ ਅਤੇ ਪਕਿਆਈ ਲਈ, ਹਿੰਦੋਸਤਾਨ ਦੀਆਂ ਚਾਰੇ ਮੁਖ ਕੌਮਾਂ ਦੇ ਸਿੱਖਰ ਤੇ ਸੀ। 19ਵੀਂ ਸਦੀ ਦੇ ਅੰਤ ਤਕ, ਮੁਸਲਮਾਨ, ਸਿੱਖ ਕੌਮ ਨੂੰ ਪਿੱਛੇ ਛੱਡ ਸਿੱਖਰ 'ਤੇ ਪਹੁੰਚ ਗਏ ਅਤੇ ਸਿੱਖ ਕੌਮ ਦੂਜੇ ਦਰਜੇ 'ਤੇ ਆ ਟਿਕੀ। 20ਵੀਂ ਸਦੀ ਦੇ ਅੰਤ ਤਕ ਇਸਾਈ ਕੌਮ ਵੀ ਸਾਡੇ ਉਪਰ ਚਲੀ ਗਈ ਅਤੇ ਸਿੱਖ ਕੌਮ ਤੀਜੇ ਅਸਥਾਨ 'ਤੇ ਪਹੁੰਚ ਗਈ। 21ਵੀਂ ਸਦੀ ਦੇ ਅੰਤ ਤਕ ਕੀ ਵਾਪਰੇਗਾ ਉਹ ਕੇਵਲ ਅਕਾਲ ਪੁਰਖ ਹੀ ਜਾਣਦਾ ਹੈ।

ਹਰ ਕੌਮ ਦੀ ਬੇੜੀ ਕੌਮ ਦੇ ਨੌਜਵਾਨ ਹੀ ਤਾਰਦੇ ਹਨ ਅਤੇ ਨੌਜਵਾਨ ਹੀ ਡੋਬਦੇ ਹਨ। ਸਿੱਖ ਕੌਮ ਦੇ ਅੱਜ ਦੇ ਨੌਜਵਾਨ, ਕੌਮ ਦੀ ਬੇੜੀ ਨੂੰ ਪੂਰੀ ਤਰਾਂ ਡੋਬਣ ਤੇ ਹੀ ਤੁਲੇ ਹੋਏ ਹਨ। ਕੇਸ ਕਟਣਾਂ ਜਾਂ ਕਟਵਾਉਣੇ, ਸਿੱਖ ਧਰਮ ਦਾ ਇਕ ਬਹੁਤ ਵਡਾ ਅਪਰਾਧ ਹੈ। 86% ਸਿਖ ਨੌਜਵਾਨ ਦ੍ਹਾੜੀ ਕੱਟਦੇ ਹਨ। 60% ਸਿੱਖ ਬਚੀਆਂ ਕੇਸਾਂ ਦੀਆਂ ਪੁਲਗਣਾ ਕਟਦੀਆਂ ਹਨ। ਮੇਰੇ ਲਾਗਿਉਂ ਇਕ ਅੰਮ੍ਰਿਤਧਾਰੀ ਵਿਅਕਤੀ ਦੀ ਲੜਕੀ ਲੰਘੀ। ਮੈਂ ਉਸਨੂੰ ਆਖਿਆ, "ਬੇਟਾ ਤੂੰ ਪਿਛੋਂ ਕੇਸ ਕਟੇ ਹੋਏ ਹਨ।" ਉਸਨੇ ਹਸਦਿਆਂ ਹੋਇਆਂ ਕਿਹਾ, "ਅੰਕਲ ਜੀ, ਇਹ ਤਾਂ ਫੈਸ਼ਨ ਹੀ ਹੈ।" ਅੱਜ ਦਾ ਸਿੱਖ ਨੌਜਵਾਨ ਫੈਸ਼ਨ ਨੂੰ ਹੀ ਆਪਣਾ ਗੁਰੂ ਸਮਝਦਾ ਹੈ। ਉਸਨੂੰ ਗੁਰੂ ਨਾਨਕ ਸਾਹਿਬ ਨਾਲ ਕੀ ਵਾਸਤਾ।

ਪਗੜੀ ਨੂੰ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖ ਦਾ ਤਾਜ ਦੱਸਿਆ ਹੈ ਪਰ ਅਜ ਦਾ ਸਿੱਖ ਨੌਜਵਾਨ ਤਾਂ ਪਗੜੀ ਤੋਂ ਉਕੀ ਹੀ ਘ੍ਰਿਣਾ ਕਰਦਾ ਹੈ। ਸਕੂਲਾਂ ਅਤੇ ਕਾਲਜਾਂ ਵਿਚ, ਸਿਖ ਨੌਜਵਾਨ ਪਟਕਾ ਬੰਨ੍ਹ ਕੇ ਹੀ ਜਾਂਦੇ ਹਨ। ਕੁਝ ਨੌਜਵਾਨ ਤਾਂ ਹੋਰ ਵੀ ਵਧੇਰੇ ਤਰੱਕੀ ਕਰ ਗਏ ਹਨ। ਉਹ ਕੇਸਾਂ ਧਾਰੀ ਹੁੰਦਿਆਂ ਹੋਇਆ ਵੀ ਟੋਪੀ ਪਾਉਣ ਲਗ ਗਏ ਹਨ। ਟੋਪੀ ਪਾਉਣ ਵਾਲੇ

ਸਿੱਖ ਨੌਜਵਾਨਾਂ ਨੂੰ ਸ਼ਾਇਦ ਇਹ ਗਿਆਨ ਨਹੀਂ ਕਿ ਉਹ ਆਪਣੇ ਮੂੰਹ ਤੇ ਆਪ ਹੀ ਕਾਲਖ ਮਲ ਰਹੇ ਹਨ। ਮੈਂ ਆਪਣੇ ਗੁਰਦੁਆਰੇ ਦੇ ਮੀਤ ਪ੍ਰਧਾਨ ਦੇ ਲੜਕੇ ਨੂੰ ਜਿਸਨੇ ਟੋਪੀ ਪਾਈ ਹੋਈ ਸੀ ਆਖਿਆ, "ਬੇਟੇ ਕੇਸਾਧਾਰੀ ਹੋ ਕੇ ਟੋਪੀ ਪਾਉਣਾ ਠੀਕ ਨਹੀਂ।" ਉਸਨੇ ਹਸਦਿਆਂ ਹੋਇਆ ਆਖਿਆ, "ਅੰਕਲ ਜੀ ਅੱਜ ਦੇ ਜੁਗ ਵਿਚ ਸਿਖ ਮੋਡਰਨ ਹੋ ਗਏ ਹਨ।" ਗੁਰੂ ਸਾਹਿਬ ਦਾ ਫੁਰਮਾਨ ਹੈ, ***"ਸਿਖ ਹੋਇ ਟੋਪੀ ਸਿਰ ਧਰੇ ਸਾਤ ਜਨਮ ਕੁਸ਼ਟੀ ਹੋਇ ਮਰੇ।"*** ਫੈਸ਼ਨ ਦੇ ਨਸ਼ੇ ਵਿਚ, ਇਸ ਕਥਨ ਦੀ ਕੌਣ ਪ੍ਰਵਾਹ ਕਰਦਾ ਹੈ।

ਇਕ ਵਾਰ ਮੇਰੇ ਕਨਜਿਊਮਰ ਕੋਰਟ ਵਿਚ ਇਕ ਕੇਸ ਚਲ ਰਿਹਾ ਸੀ। ਉਥੇ ਇਕ ਸਿੱਖ ਨੌਜਵਾਨ ਟੋਪੀ ਪਾਈ, ਬੈਂਚ 'ਤੇ ਬੈਠਾ ਸੀ। ਮੈਂ ਉਸ ਪਾਸ ਬੈਠ ਕੇ ਕਿਹਾ, "ਬੇਟੇ ਮੈਂ ਤੈਨੂੰ, ਬਹੁਤ ਹੀ ਨਿਮਰਤਾ ਸਹਿਤ ਇਕ ਬੇਨਤੀ ਕਰਨਾ ਚਾਹੁੰਦਾ ਹਾਂ।" ਉਸ ਕਿਹਾ, "ਅੰਕਲ ਜੀ ਦੱਸੋ।" ਮੈਂ ਕਿਹਾ, "ਬੇਟੇ ਸਾਡੇ ਗੁਰੂ ਸਾਹਿਬਾਨਾਂ ਨੇ ਸਾਡੇ ਲਈ ਅਤੇ ਦੇਸ਼ ਲਈ ਐਸੀ ਕੁਰਬਾਨੀ ਕੀਤੀ ਹੈ, ਜਿਸਦੀ ਮਾਨਵ ਇਤਿਹਾਸ ਵਿਚ ਹੋਰ ਉਦਾਹਰਣ ਨਹੀਂ ਮਿਲਦੀ। ਕੇਸਧਾਰੀ ਨੂੰ ਟੋਪੀ ਪਾਉਣਾ ਸ਼ੋਭਾ ਨਹੀਂ ਦਿੰਦਾ।" ਉਸ ਜ਼ਰਾ ਤਲਖੀ ਨਾਲ ਆਖਿਆ (Uncle I don't care. In all these things I have to look for my own comfort) ਪੰਜਾਬੀ ਭਾਸ਼ਾ ਵਿਚ ਉਲੱਥੇ ਅਨੁਸਾਰ ਕਿ ਮੈਂ ਇਹਨਾਂ ਗੱਲਾਂ ਦੀ ਪ੍ਰਵਾਹ ਨਹੀਂ ਕਰਦਾ, ਮੈਂ ਤਾਂ ਆਪਣਾ ਸੁਖ ਆਰਾਮ ਦੇਖਣਾ ਹੈ।

ਮੈਂ ਹਰ ਸਾਲ ਤਿੰਨ ਮਹੀਨੇ ਲਈ ਗੋਆ ਜਾਂਦਾ ਹਾਂ। ਇਕ ਵਾਰ ਵਾਪਸ ਆਉਂਦਿਆਂ, ਮੇਰੇ ਡੱਬੇ ਵਿਚ 15-20 ਮੁਸਲਮਾਨ ਨੌਜਵਾਨ ਬੈਲਗਾਮ ਤੋਂ ਚੜ੍ਹੇ। ਕਿਉਂਕਿ ਉਹ ਸਾਰੇ, ਆਪਸ ਵਿਚ ਸ਼ੁਧ ਹਿੰਦੀ 'ਚ ਗਲ ਬਾਤ ਕਰ ਰਹੇ ਸਨ, ਇਸ ਤੋਂ ਮੈਂ ਅਨੁਮਾਨ ਲਾਇਆ ਕਿ ਇਹ ਸਾਰੇ ਯੂ.ਪੀ. ਦੇ ਹੀ ਹਨ। ਮੈਂ ਇਕ ਤੋਂ ਪੁਛਿਆ ਕਿ ਕੀ ਉਹ ਗੋਆ ਸੈਰ ਸਪਾਟੇ ਲਈ ਆਏ ਸਨ। ਉਹਨਾਂ 'ਚੋਂ ਇਕ ਨੇ ਕਿਹਾ ਕਿ ਉਹ ਸਾਰੇ ਮੇਰਠ ਅਤੇ ਲਾਗਲੇ ਸ਼ਹਿਰਾਂ ਦੇ ਉੱਘੇ ਵਪਾਰੀਆਂ ਦੇ ਲੜਕੇ ਹਨ। ਉਹਨਾਂ ਸਾਰਿਆਂ ਕਾਲਜਾਂ ਦੀ ਪੜ੍ਹਾਈ ਕਰਦਿਆਂ ਹੋਇਆ ਵੀ, ਦਿਉਬੰਦ ਤੋਂ ਇਸਲਾਮ ਅਤੇ ਇਸਲਾਮੀ ਸ਼ਰ੍ਹਾ ਦੀ ਸਿਖਲਾਈ ਲਈ ਹੋਈ ਹੈ। ਉਹ ਸਾਰੇ, ਕਾਲਜ ਦੀ ਛੁਟੀਆਂ ਸਮੇਂ, ਆਪਣੇ ਖਰਚੇ 'ਤੇ ਸਾਊਥ ਦੇ ਮੁਸਲਮਾਨਾਂ ਨੂੰ ਸਿਖਲਾਈ ਦੇਣ ਆਉਂਦੇ ਹਨ। ਜਿਸ ਕੌਮ ਦੇ ਨੌਜਵਾਨਾਂ ਨੂੰ ਕੌਮ ਲਈ ਐਨਾ ਪਿਆਰ ਹੋਵੇਗਾ ਉਹ ਕੌਮ ਕਿਉਂ ਤਰੱਕੀ ਨਹੀਂ ਕਰੇਗੀ। ਸਿੱਖ ਕੌਮ ਦੇ ਰਾਗੀ ਜਥੇ, ਜ਼ਰੂਰ ਸਾਊਥ ਵਲ ਜਾਂਦੇ ਹਨ, ਪਰ ਉਹਨਾਂ ਦਾ ਮੁਖ ਮੰਤਵ, ਧਰਮ ਪ੍ਰਚਾਰ ਨਹੀਂ, ਸਗੋਂ ਮਾਇਆ ਇਕਤ੍ਰ ਕਰਨੀ ਹੈ।

ਸਿੱਖ ਕੌਮ ਦਾ ਢੈਂਹਦੀਆਂ ਕਲਾਂ ਵਲ ਜਾਣ ਦਾ ਮੁਖ ਕਾਰਨ ਵੀ ਹੈ ਕਿ ਕਿਸੇ ਵੀ ਸਿੱਖ ਪਰਿਵਾਰ ਵਿਚ, ਛੋਟੇ ਬੱਚਿਆਂ ਨੂੰ, ਸਿੱਖ ਧਰਮ ਦੇ ਮੌਲਿਕ ਸਿਧਾਂਤਾਂ, ਗੁਰੂ ਸਾਹਿਬਾਨਾਂ ਬਾਰੇ ਜਾਂ ਸਿੱਖੀ ਜੀਵਨ ਬਾਰੇ ਕੁਝ ਨਹੀਂ ਦਸਿਆ ਜਾਂਦਾ। ਬੱਚਿਆਂ ਨੂੰ ਵਧੀਆ ਤੋਂ ਵਧੀਆ ਟੀ.ਵੀ. ਅਤੇ ਸੀ.ਡੀ. ਪਲੇਅਰ ਤਾਂ ਖਰੀਦ ਕੇ ਲਿਆ ਦੇਣਗੇ ਪਰ ਸਿੱਖੀ ਜੀਵਨ ਵਲੋਂ ਉਹਨਾਂ ਨੂੰ ਕੋਰੇ ਹੀ ਰੱਖਿਆ ਜਾਂਦਾ ਹੈ। ਮੈਂ ਨਹੀਂ ਕਹਿ ਸਕਦਾ ਕਿ ਕਿਸੇ ਅੱਜ ਦੇ ਨੌਜਵਾਨ ਨੂੰ ***ਜਪੁਜੀ ਸਾਹਿਬ*** ਵੀ ਆਉਂਦਾ ਹੋਵੇ ਜਾਂ ਉਹ ਦਸਾਂ ਗੁਰੂ ਸਾਹਿਬਾਨਾਂ ਦਾ ਲੜੀਵਾਰ ਨਾਮ ਵੀ ਦਸ ਸਕੇ। ਇਕ ਦਿਨ, ਜਲੰਧਰ ਦੂਰਦਰਸ਼ਨ ਤੋਂ ਪਰਖ ਪ੍ਰੋਗਰਾਮ ਆ ਰਿਹਾ ਸੀ। ਜਿਸ ਦਾ ਸੰਚਾਲਨ ਪ੍ਰੋ. ਸੇਠ ਕਰ ਰਹੇ ਸਨ। ਉਸ ਇਕ ਟੀਮ, ਜਿਸ ਦਾ ਮੁਖੀ ਐਮ. ਏ. ਦਾ ਸਿੱਖ ਵਿਦਿਆਰਥੀ ਸੀ, ਤੋਂ ਪੁੱਛਿਆ, ***"ਸ੍ਰੀ ਗੁਰੂ ਗ੍ਰੰਥ ਸਾਹਿਬ*** ਦੀ ਸਾਜਨਾਂ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ 'ਚੋਂ ਕਿਸ ਗੁਰੂ ਸਾਹਿਬ ਨੇ ਕੀਤੀ ਹੈ।" ਟੀਮ ਦੇ ਮੁਖੀ ਸਿੱਖ ਨੌਜਵਾਨ ਨੇ ਝੱਟ ਆਖਿਆ, "ਗੁਰੂ ਰਾਮਦਾਸ ਜੀ ਨੇ।" ਉਸ ਸਿੱਖ ਨੌਜਵਾਨ ਨੂੰ ਤਾਂ ਸ਼ਾਇਦ ਆਪਣੇ ਗਲਤ ਉਤਰ ਦੀ ਸ਼ਰਮ ਆਈ ਹੋਵੇ ਜਾਂ ਨਾਂ। ਪਰ ਮੈਂ ਆਪਣੀ ਕੌਮ ਦੇ ਸਿੱਖ ਨੌਜਵਾਨ ਦੀ ਐਸੀ ਅਗਿਆਨਤਾ ਨੂੰ ਵੇਖ ਬਹੁਤ ਸ਼ਰਮਸਾਰ ਹੋਇਆ।

ਅਜ ਦੇ ਸਮੇਂ ਦੀ ਮੁਖ ਲੋੜ ਹੈ ਕਿ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ, ਪਟਕਿਆਂ, ਟੋਪੀ ਅਤੇ ਨੌਜਵਾਨਾਂ ਦੇ ਦ੍ਹਾੜੀ ਕਟਵਾਉਣ ਵਿਰੁੱਧ ਇਕ ਬਹੁਤ ਜ਼ੋਰਦਾਰ ਮੁਹਿਮ ਸ਼ੁਰੂ ਕਰੇ ਤਾਂ ਜੋ ਅੱਜ ਦਾ ਸਿੱਖ ਨੌਜਵਾਨ ਗੁਰੂ ਘਰ ਦੀ ਲਛਮਣ ਰੇਖਾ ਵਿਚ ਆ ਸਕੇ।

**ਨਾਨਕਸ਼ਾਹੀ ਜੰਤਰੀ ਮੁਤਾਬਿਕ**

**ਜੁਲਾਈ ਦੇ ਦਿਨ ਦਿਹਾਰ**

| | |
|---|---|
| 2 ਜੁਲਾਈ | - ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ ਜੀ |
| 3 ਜੁਲਾਈ | - ਮੱਸਿਆ |
| 5 ਜੁਲਾਈ | - ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ |
| 9 ਜੁਲਾਈ | - ਸ਼ਹੀਦੀ ਭਾਈ ਮਨੀ ਸਿੰਘ ਜੀ |
| 16 ਜੁਲਾਈ | - ਸੰਗਰਾਂਦ ਨਾਨਕਸ਼ਾਹੀ / ਸ਼ਹੀਦੀ ਭਾਈ ਤਾਰੂ ਸਿੰਘ ਜੀ |
| 18 ਜੁਲਾਈ | - ਪੂਰਨਮਾਸ਼ੀ |
| 21 ਜੁਲਾਈ | - ਮੀਰੀ-ਪੀਰੀ ਦਿਵਸ ਪਾ. ਛੇਵੀਂ |
| 23 ਜੁਲਾਈ | - ਪ੍ਰਕਾਸ਼ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ |
| 31 ਜੁਲਾਈ | - ਸ਼ਹੀਦੀ ਸ੍ਰ. ਊਧਮ ਸਿੰਘ |